بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 08.02.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰੀ ਸਹਾਬਾ ਕਰਾਮ ਦੀਆਂ ਇਮਾਨ ਵਧਾਉਣ ਵਾਲੀਆਂ ਗਲੱਾਂ ਦਾ ਮਨਮੋਹਕ ਤੇ ਮਨਭਾਉਂਦਾ ਵਰਨਣ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 8 ਫ਼ਰਵਰੀ 2019 ਈ. ਨੂੰ ਮਸਜਿਦ ਬੈਤੁਲ ਫ਼ਤੂਹ ਮੋਰਡਨ ਲੰਦਨ (ਬਰਤਾਨੀਆ) ਵਿੱਚ ਦਿੱਤਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਜਿੰਨ੍ਹਾ ਸਹਾਬਾ ਦਾ ਮੈਂ ਵਰਨਣ ਕਰਾਂਗਾ ਉਹਨਾਂ ਵਿੱਚ ਪਹਿਲਾ ਨਾਂ ਹਜ਼ਰਤ ਅਬੂ ਮਲੇਲ ਬਿਨ ਅਜ਼ਾਅਰ ਦਾ ਹੈ । ਇਹਨਾਂ ਦਾ ਸੰਬੰਧ ਅੰਸਾਰ ਦੇ ਕਬੀਲੇ ਔਸ ਨਾਲ ਸੀ ਇਹਨਾਂ ਨੂੰ ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਣ ਦਾ ਸੌਭਾਗ ਪ੍ਰਾਪਤ ਹੋਇਆ ।

ਦੂਜਾ ਵਰਨਣ ਹਜ਼ਰਤ ਅਨਸ ਬਿਨ ਮਆਜ਼ ਅੰਸਾਰੀ ਦਾ ਹੈ । ਇਹਨਾਂ ਦਾ ਸੰਬੰਧ ਅੰਸਾਰ ਦੇ ਕਬੀਲੇ ਖ਼ਜ਼ਰਜ ਦੀ ਸ਼ਾਖ਼ਾ ਬਨੂ ਨਜਾਰ ਨਾਲ ਸੀ । ਆਪ ਬਦਰ, ਉਹਦ ਅਤੇ ਖ਼ੰਦਕ ਸਣੇ ਸਾਰੀਆਂ ਜੰਗਾਂ ਵਿੱਚ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸ਼ਾਮਲ ਹੋਏ । ਬਏਰੇ ਮਊਨਾ ਵਿੱਚ ਸ਼ਹੀਦ ਹੋਏ ਸਨ ।

ਅਗਲਾ ਵਰਨਣ ਹੈ ਹਜ਼ਰਤ ਅਬੂ ਸ਼ੇਖ਼ ਉਬੈ ਬਿਨ ਸਾਬਤ ਰਜ਼ੀ ਅਲੱਾਹ ਅਨਹੁ ਦਾ । ਇਹਨਾ ਦਾ ਸੰਬੰਧ ਕਬੀਲਾ ਖ਼ਜ਼ਰਜ ਦੀ ਸ਼ਾਖ਼ਾ ਬਨੂ ਆਦੀ ਨਾਲ ਸੀ । ਹਜ਼ਰਤ ਅਬੀ ਬਿਨ ਸਾਬਤ ਹਜ਼ਰਤ ਹਸਾਨ ਬਿਨ ਸਾਬਤ ਅਤੇ ਹਜ਼ਰਤ ਓਸ ਬਿਨ ਸਾਬਤ ਦੇ ਭਰਾ ਸਨ । ਆਪ ਬਦਰ ਤੇ ਉਹਦੀ ਦੀ ਜੰਗ ਵਿੱਚ ਸ਼ਾਮਲ ਹੋਏ ਅਤੇ ਇਹਨਾ ਦੀ ਵਫ਼ਾਤ ਬਏਰੇ ਮਊਨਾ ਦੀ ਘਟਨਾ ਦੇ ਦਿਨ ਹੋਈ ।

ਅਗਲਾ ਵਰਨਣ ਹੈ ਹਜ਼ਰਤ ਅਬੂ ਬੁਰਦਹ ਬਿਨ ਨਯਾਰ ਦਾ । ਇਹ ਆਪਣੀ ਗੌਤ ਅਬੂ ਬੁਰਦਹ ਨਾਲ ਨਾਲ ਪ੍ਰਸਿੱਧ ਸਨ, ਇਹਨਾ ਦਾ ਨਾਂ ਹਾਨੀ ਸੀ । ਹਜ਼ਰਤ ਅਬੂਬੁਰਦਹ ਹਜ਼ਰਤ ਬਰਾਅ ਬਿਨ ਆਜ਼ਬ ਦੇ ਮਾਮਾ ਸਨ । ਬੈਅਤੇ ਅਕਬਾ ਸਾਨੀਆ ਵਿੱਚ ਸ਼ਾਮਲ ਹੋਏ । ਇਸ ਤੋਂ ਬਿਨਾ ਬਦਰ, ਉਹਦ ਤੇ ਖ਼ੰਦਕ ਸਣੇ

ਸਾਰੀਆਂ ਜੰਗਾ ਵਿੱਚ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨਾਲ ਸ਼ਾਮਲ ਹੋਏ । ਮੱਕੇ ਦੀ ਫ਼ਤਹ ਵਾਲੇ ਦਿਨ ਬਨੂ ਹਾਰਸਾ ਦਾ ਝੰਡਾ ਹਜ਼ਰਤ ਅਬੂ ਬੁਰਦਹ ਦੇ ਕੋਲ ਸੀ । ਹਜ਼ਰਤ ਅਬੂ ਅਬਸ ਅਤੇ ਹਜ਼ਰਤ ਅਬੂ ਬੁਰਦਹ ਨੇ ਜੱਦ ਇਸਲਾਮ ਕੁਬੂਲ ਕੀਤਾ ਤਾਂ ਉਸ ਸਮੇਂ ਦੋਹਾਂ ਨੇ ਕਬੀਲਾ ਬਨੂ ਹਾਰਸਾ ਦੇ ਬੁਤਾਂ ਨੂੰ ਤੋੜਿਆ । ਹਜ਼ਰਤ ਅਬੂ ਅਮਾਮਾ ਤੋਂ ਰਿਵਾਇਤ ਹੈ ਕਿ ਜੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਬਦਰ ਦੀ ਜੰਗ ਲਈ ਬਦਰ ਵੱਲ ਕੂਚ ਦਾ ਨਿਸ਼ਚਾ ਕੀਤਾ ਤਾਂ ਹਜ਼ਰਤ ਅਬੂ ਅਮਾਮਾ ਵੀ ਆਪ ਸਲਲੱਾਹੁ ਅਲੈਹਿ ਵਸਲਮ ਨਾਲ ਚਲੱਣ ਲਈ ਤਿਆਰ ਹੋ ਗਏ । ਇਸ'ਤੇ ਉਹਨਾਂ ਦੇ ਮਾਮਾ ਹਜ਼ਰਤ ਅਬੂ ਬੁਰਦਹ ਬਿਨ ਨਯਾਜ਼ ਨੇ ਕਿਹਾ ਕਿ ਤੁਸੀਂ ਆਪਣੀ ਮਾਂ ਦੀ ਸੇਵਾਂ ਲਈ ਰੁਕ ਜਾਓ । ਉਹਨਾ ਦੀ ਮਾਂ ਬਿਮਾਰ ਸੀ । ਹਜ਼ਰਤ ਅਬੂ ਅਮਾਮਾ ਨੇ ਕਿਹਾ ਕਿ ਉਹ ਆਪ ਦੀ ਵੀ ਭੈਣ ਹਨ, ਆਪ ਰੁਕ ਜਾਣ । ਜੱਦ ਇਹ ਮਾਮਲਾ ਹਜ਼ੂਰ ਸਲਲੱਾਹੁ ਅਲੈਹਿ ਵਸਲਮ ਦੇ ਸਾਹਮਣੇ ਪੇਸ਼ ਹੋਇਆ ਤਾਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਅਬੂ ਅਮਾਮਾ ਨੂੰ ਰੁਕਣ ਦਾ ਹੁਕਮ ਦਿਤੱਾ ਅਰਥਾਤ ਪੁਤੱਰ ਨੂੰ ਅਤੇ ਹਜ਼ਰਤ ਅਬੂ ਬੁਰਦਹ ਲਸ਼ਕਰ ਨਾਲ ਗਏ । ਜੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਜੰਗ ਤੋਂ ਵਾਪਸ ਆਏ ਤਾਂ ਹਜ਼ਰਤ ਅਬੂ ਅਮਾਮਾ ਦੀ ਮਾਂ ਫ਼ੌਤ ਹੋ ਚੁਕੀ ਸਨ । ਰਸੂਲੁਲੱਾਹ ਸਲਲਹੁ ਅਲੈਹਿ ਵਸਲਮ ਨੇ ਉਹਨਾਂ ਦੀ ਨਮਾਜ਼ ਜਨਾਜ਼ਾਹ ਪੜ੍ਹੀ ।

ਉਹਦ ਦੀ ਜੰਗ ਵਾਲੇ ਦਿਨ ਮੁਸਲਮਾਨਾ ਕੋਲ ਦੋ ਘੋੜੇ ਸਨ ਇਕ ਘੋੜਾ ਰਸੂਲੇ ਕਰੀਮ ਸਲਲੱਾਹੁ ਅਲਐਹਿ ਵਸਲਮ ਕੋਲ ਸੀ ਜਿਸ ਦਾ ਨਾਂ 'ਅਲਸਕਫ਼' ਸੀ ਅਤੇ ਦੂਜਾ ਘੋੜਾ ਹਜ਼ਰਤ ਅਬੂਬੁਰਦਹ ਕੋਲ ਸੀ ਜਿਸਦਾ ਨਾਂ ਮਲਾਫ਼ਅ ਸੀ । ਹਜ਼ਰਤ ਅਬੂਬੁਰਦਹ ਹਜ਼ਰਤ ਅਲੀ ਨਾਲ ਸਾਰੀਆਂ ਜੰਗਾ ਵਿੱਚ ਸ਼ਾਮਲ ਰਹੇ । ਆਪ ਦੀ ਵਫ਼ਾਤ ਹਜ਼ਰਤ ਮੁਆਵੀਆਹ ਦੇ ਅਰੰਭਕ ਕਾਲ ਵਿੱਚ ਹੋਈ ।

ਹਜ਼ਰਤ ਬਰਾਅ ਬਿਨ ਆਜ਼ਬ ਤੋਂ ਰਿਵਾਇਤ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਈਦੁਜ਼ੁਹਾ ਦੇ ਦਿਨ ਨਮਾਜ਼ ਦੇ ਬਾਦ ਸਾਨੂੰ ਸੰਬੋਧਨ ਹੋਏ ਅਤੇ ਫ਼ਰਮਾਇਆ ਜਿਸ ਨੇ ਸਾਡੀ ਨਮਾਜ਼ ਵਾਂਗ ਨਮਾਜ਼ ਪੜ੍ਹੀ ਅਤੇ ਸਾਡੀ ਕੁਰਬਾਨੀ ਜਿਹੀ ਕੁਰਬਾਨੀ ਦਿੱਤੀ ਤਾਂ ਉਸਨੇ ਠੀਕ ਕੁਰਬਾਨੀ ਕੀਤੀ ਅਤੇ ਜਿਸ ਨੇ ਨਮਾਜ਼ ਤੋਂ ਪਹਿਲਾਂ ਕੁਰਬਾਨੀ ਕਰ ਲਈ ਉਹ ਬਕਰੀ ਦੇ ਮਾਸ ਲਈ ਹੀ ਹੋਈ ਅਰਥਾਤ ਇਹ ਕੁਰਬਾਨੀ ਨਹੀਂ ਹੈ । ਇਸ'ਤੇ ਹਜ਼ਰਤ ਅਬੂਬੁਰਦਹ ਬਿਨ ਨਯਾਰ ਉੱਠੇ ਅਤੇ ਕਿਹਾ, ਹੇ ਰਸੂਲੁਲੱਾਹ ! ਮੈਂ ਤਾਂ ਨਮਾਜ਼ ਲਈ ਨਿਕਲਣ ਤੋਂ ਪਹਿਲਾਂ ਹੀ ਕੁਰਬਾਨੀ ਕਰ ਲਈ ਹੈ ਅਤੇ ਮੈਂ ਇਹ ਸਮਝਿਆ ਸੀ ਕਿ ਅੱਜ ਦਾ ਦਿਨ ਖਾਣ ਪੀਣ ਦਾ ਹੈ ਇਸ ਲਈ ਮੈਂ ਛੇਤੀ ਕੀਤੀ, ਆਪ ਵੀ ਖਾਧਾ ਅਤੇ ਆਪਣੇ ਘਰ ਵਾਲਿਆਂ ਨੂੰ ਅਤੇ ਗੁਆਂਢੀਆਂ ਨੂੰ ਵੀ ਖੁਆਇਆ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ, ਇਹ ਤਾਂ ਬਕਰੀ ਦਾ ਮਾਸ ਲਈ ਹੀ ਹੋਈ ਹੈ । ਇਹ ਤੁਹਾਡੀ ਕੁਰਬਾਨੀ ਨਹੀਂ ਹੈ । ਇਸ'ਤੇ ਹਜ਼ਰਤ ਅਬੂਬੁਰਦਹ ਨੇ ਕਿਹਾ ਕਿ ਮੇਰੇ ਕੋਲ ਇਕ ਸਾਲ ਦੀਆਂ ਪੱਠੀਆਂ ਅਰਥਾਤ ਬਕਰੀ ਦੇ ਮਾਦਾ ਬੱਚੇ ਹਨ ਅਤੇ ਉਹ ਦੋ ਬਕਰੀਆਂ ਤੋਂ ਚੰਗੇ ਹਨ ਕਿਉਂਕਿ ਚੰਗੀਆਂ ਪਲੀਆਂ ਹੋਈਆਂ ਹਨ ਅਤੇ ਭਾਵੇਂ ਇਕ ਸਾਲ ਦੀਆਂ ਹਨ ਪਰ ਦੋ ਬਕਰੀਆਂ ਦੀ ਤੁਲਨਾ ਵਿੱਚ ਚੰਗੀਆਂ ਮੋਟੀਆਂ ਤਾਜ਼ੀਆਂ ਹਨ । ਕੀ ਇਹ ਮੇਰੇ ਵੱਲੋਂ ਬਹੁਤ ਹੋਵੇਗਾ ਜੇਕਰ ਮੈਂ ਕੁਰਬਾਨੀ ਕਰ ਦਿਆਂ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਅ ਕਿ ਹਾਂ ਕਰ ਦਿਓ ਪਰ ਤੁਹਾਡੇ ਬਾਦ ਕਿਸੇ ਨੂੰ ਕਾਫ਼ੀ (ਬਹੁਤ) ਨਹੀਂ ਹੋਵੇਗਾ । ਅਰਥਾਤ ਇਹ ਆਗਿਆ ਕੇਵਲ ਤੁਹਾਡੇ ਲਈ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਫਿਰ ਵਰਨਣ ਹੈ ਹਜ਼ਰਤ ਅਸਦ ਬਿਨ ਯਜ਼ੀਦ ਦਾ, ਇਹਨਾਂ ਦਾ ਸੰਬੰਧ ਅੰਸਾਰ ਦੇ ਕਬੀਲੇ ਖ਼ਜ਼ਰਜ ਦੀ ਸ਼ਾਖਾ ਬਨੂ ਜ਼ਰੀਕ ਨਾਲ ਸੀ । ਆਪ ਬਦਰ ਅਤੇ ਉਹਦ ਦੀ ਜੰਗ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸ਼ਾਮਲ ਸਨ ।

ਫਿਰ ਇਕ ਬਦਰੀ ਸਹਾਬੀ ਸਨ ਹਜ਼ਰਤ ਤਮੀਮ ਬਿਨ ਯਾਰ ਅੰਸਾਰੀ । ਆਪ ਬਦਰ ਤੇ ਉਹਦ ਦੀ ਜੰਗ ਵਿੱਚ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸ਼ਮਾਲ ਹੋਏ ਸਨ ।

ਫਿਰ ਜਿਸ ਸਹਾਬੀ ਦਾ ਵਰਨਣ ਹੈ ਉਹਨਾਂ ਦਾ ਨਾਂ ਹੈ ਹਜ਼ਰਤ ਓਸ ਬਿਨ ਸਾਬਤ ਬਿਨ ਮੁਨਜ਼ਰ ਇਹ ਵੀ ਅੰਸਾਰੀ ਸਨ । ਆਪ ਪ੍ਰਸਿਧ ਸਹਾਬੀ ਹਜ਼ਰਤ ਸ਼ਦਾਦ ਬਿਨ ਓਸ ਦੇ ਪਿਤਾ ਸਨ । ਇਹ ਅਕਬਾ ਸਾਨੀਆ ਵਿੱਚ ਸ਼ਾਮਲ ਸਨ । ਬਦਰ ਤੇ ਉਹਦ ਦੀ ਜੰਗ ਵਿੱਚ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸ਼ਾਮਲ ਹੋਏ । ਹਜ਼ਰਤ ਹਸਾਨ ਬਿਨ ਸਾਬਤ ਜੋ ਪ੍ਰਸਿੱਧ ਸ਼ਾਇਰ (ਕਵੀ) ਸਨ ਅਤੇ ਹਜ਼ਰਤ ਉਬੀ ਬਿਨ ਸਾਬਤ ਆਪਦੇ ਭਰਾ ਸਨ । ਇਹਨਾ ਦੀ ਸ਼ਹਾਦਤ ਉਹਦ ਦੀ ਜੰਗ ਵਿੱਚ ਹੋਈ ਸੀ ।

ਫਿਰ ਜਿਸ ਸਹਾਬੀ ਦਾ ਵਰਨਣ ਹੈ ਉਹਨਾਂ ਦਾ ਨਾਂ ਹਜ਼ਰਤ ਸਾਬਤ ਬਿਨ ਖ਼ਨਸਾ ਹੈ । ਇਹਨਾ ਦਾ ਸੰਬੰਧ ਕਬੀਲਾ ਬਨੂ ਗ਼ਨਮ ਬਿਨ ਅਦੀ ਨਜਾਰ ਨਾਲ ਸੀ ਅਤੇ ਬਦਰ ਦੀ ਜੰਗ ਵਿੱਚ ਸ਼ਾਮਲ ਹੋਣ ਦਾ ਮਾਣ ਪ੍ਰਾਪਤ ਹੋਇਆ । ਇਹਨਾ ਬਾਰੇ ਇੰਨ੍ਹੀ ਹੀ ਜਾਣਕਾਰੀ ਪ੍ਰਾਪਤ ਹੋਈ ਹੈ ।

ਫਿਰ ਇਕ ਸਹਾਬੀ ਹਨ ਹਜ਼ਰਤ ਓਸ ਬਿਨ ਸਾਮਤ । ਇਹ ਹਜ਼ਰਤ ਅਬਾਦਹ ਬਿਨ ਸਾਮਤ ਦੇ ਭਰਾ ਸਨ । ਹਜ਼ਰਤ ਓਸ ਬਦਰ, ਉਹਦ ਅਤੇ ਹੋਰਨਾ ਸਾਰੀਆਂ ਜੰਗਾ ਵਿੱਚ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸਾਮਲ ਹੋਏ । ਹਜ਼ਰਤ ਓਸ ਬਿਨ ਸਾਮਤ ਕਵੀ ਵੀ ਸਨ । ਹਜ਼ਰਤ ਓਸ ਬਿਨ ਸਾਮਤ ਅਤੇ ਸ਼ਦਾਦ ਬਿਨ ਓਸ ਅੰਸਾਰੀ ਨੇ ਬੈਤੁਲ ਮੁਕਦੱਸ ਵਿੱਚ ਰਿਹਾਇਸ਼ ਰੱਖੀ । ਇਹਨਾ ਦੀ ਵਫ਼ਾਤ ਫ਼ਲਸਤੀਨ ਦੀ ਧਰਤੀ ਵਿੱਚ ਰਮਲਾ ਅਸਥਾਨ ਵਿੱਚ 34 ਹਿਜਰੀ ਵਿੱਚ ਹੋਈ, ਉਸ ਸਮੇਂ ਹਜ਼ਰਤ ਓਸ ਦੀ ਉਮਰ 72 ਸਾਲ ਸੀ ।

ਫਿਰ ਜਿਸ ਸਹਾਬੀ ਦਾ ਵਰਨਣ ਹੈ ਉਹਨਾਂ ਦਾ ਨਾਂ ਹਜ਼ਰਤ ਅਰਕਮ ਬਿਨ ਅਬੀ ਅਰਕਮ ਹੈ, ਇਹਨਾਂ ਦਾ ਸੰਬੰਧ ਕਬੀਲਾ ਬਨੂ ਮਖ਼ਜ਼ੂਮ ਨਾਲ ਸੀ । ਆਪ ਇਸਲਾਮ ਲਿਆਉਣ ਵਾਲੇ ਪਹਿਲੇ ਸਹਾਬਾ ਵਿੱਚੋਂ ਸਨ । ਕਈਆਂ ਅਨੁਸਾਰ ਜੱਦ ਆਪ ਇਮਾਨ ਲਿਆਏ ਤਾਂ ਆਪ ਤੋਂ ਪਹਿਲਾਂ ਗਿਆਰ੍ਹਾਂ ਲੋਕ ਇਸਲਾਮ ਕੁਬੂਲ ਕਰ ਚੁਕੇ ਸਨ । ਕਈ ਕਹਿੰਦੇ ਹਨ ਕਿ ਆਪ ਨੇ ਸਤੱਵੇਂ ਨੰਬਰ'ਤੇ ਇਸਲਾਮ ਕੁਬੂਲ ਕੀਤਾ । ਹਜ਼ਰਤ ਉਰਵਹ ਬਿਨ ਜ਼ੁਬੈਰ ਰਿਵਾਇਤ ਕਰਦੇ ਹਨ ਕਿ ਹਜ਼ਰਤ ਅਰਕਮ ਹਜ਼ਰਤ ਅਬੂ ਉਬੈਦਹ ਬਿਨ ਜਰਾਹ ਅਤੇ ਹਜ਼ਰਤ ਉਸਮਾਨ ਬਿਨ ਮਜ਼ਊਨ ਇਕੱਠੇ ਹੀ ਇਕ ਹੀ ਸਮੇਂ ਇਮਾਨ ਲਿਆਏ । ਹਜ਼ਰਤ ਅਰਕਮ ਦਾ ਇਕ ਘਰ ਮੱਕੇ ਤੋਂ ਬਾਹਰ ਸਫ਼ਾ ਪਹਾੜੀ ਕੋਲ ਸੀ ਜੋ ਇਤਿਹਾਸ ਵਿਚ ਦਾਰਿ ਅਰਕਮ ਦੇ ਨਾਂ ਨਾਲ ਪ੍ਰਸਿਧ ਹੈ । ਇਸ ਘਰ ਵਿੱਚ ਰਸੂਲੁਲੱਹ ਸਲਲੱਾਹੁ ਅਲੈਹਿ ਵਸਲਮ ਅਤੇ ਇਸਲਾਮ ਕੁਬੂਲ ਕਰਨ ਵਾਲੇ ਲੋਕ ਇਬਾਦਤ ਕਰਿਆ ਕਰਦੇ ਸਨ । ਇੱਥੇ ਹੀ ਹਜ਼ਰਤ ਉਮਰ ਨੇ ਇਸਲਾਮ ਕੁਬੂਲ ਕੀਤਾ ਸੀ ।

ਦਾਰਿ ਅਰਕਮ ਦੀ ਮਹਤੱਾ ਵਰਨਣ ਕਰਦਿਆਂ ਹੋਇਆਂ ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਵਿਚਾਰ ਆਇਆ ਕਿ ਮੱਕੇ ਵਿੱਚ ਇਕ ਪ੍ਰਚਾਰਕ ਕੇਂਦਰ ਸਥਾਪਤ

ਕੀਤਾ ਜਾਵੇ ਜਿੱਥੇ ਮੁਸਲਮਾਨ ਨਮਾਜ਼ ਆਦਿ ਲਈ ਬਿਨਾ ਕਿਸੇ ਰੋਕ ਟੋਕ ਦੇ ਇਕੱਠੇ ਹੋ ਸਕਣ ਅਤੇ ਅਮਨ, ਸਕੂਨ ਤੇ ਸ਼ਾਂਤੀ ਨਾਲ ਬਕਾਇਦਾ ਇਸਲਾਮ ਦਾ ਪ੍ਰਚਾਰ ਕੀਤਾ ਜਾ ਸਕੇ । ਇਸ ਮੰਤਵ ਲਈ ਆਪ ਸਲਲੱਾਹੁ ਅਲੈਹਿ ਵਸਲਮ ਨੇ ਇਕ ਨਵੇਂ ਮੁਸਲਮਾਨ ਹਜ਼ਰਤ ਅਰਕਮ ਦਾ ਘਰ ਪਸੰਦ ਕੀਤਾ ਜੋ ਸਫ਼ਾ ਪਹਾੜੀ ਦੇ ਕੰਢੇ ਬਣਿਆ ਸੀ । ਇਸ ਦੇ ਬਾਦ ਸਾਰੇ ਮੁਸਲਮਾਨ ਇੱਥੇ ਹੀ ਇਕੱਠੇ ਹੋ ਕੇ ਨਮਾਜ਼ ਪੜ੍ਹਦੇ ਸਨ । ਇਸੇ ਕਰਕੇ ਇਹ ਘਰ ਇਤਿਹਾਸ ਵਿੱਚ ਵਿਸ਼ੇਸ਼ ਪ੍ਰਸਿੱਧੀ ਰਖੱਦਾ ਹੈ ਅਤੇ ਦਾਰੁਸੱਲਾਮ ਦੇ ਨਾਂ ਨਾਲ ਵੀ ਪ੍ਰਸਿੱਧ ਹੈ ।

ਮਦੀਨੇ ਹਿਜਰਤ ਦੇ ਬਾਦ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਅਰਕਮ ਰਜ਼ੀ ਅਲੱਾਹ ਅਨਹੁ ਦੀ ਭਾਈਬੰਦੀ ਹਜ਼ਰ ਅਬੂ ਤਲਹਾ ਜ਼ੈਦ ਬਿਨ ਸਹਲ ਨਾਲ ਸਥਾਪਤ ਕੀਤੀ । ਹਜ਼ਰਤ ਅਰਕਮ ਬਦਰ, ਉਹਦ ਸਣੇ ਸਾਰੀਆਂ ਜੰਗਾ ਵਿੱਚ ਸ਼ਾਮਲ ਹੋਏ । ਆਪ ਇਕਰਾਰਨਾਮੇ 'ਹਲਫ਼ੁਲ ਫ਼ੁਜ਼ੂਲ' ਵਿੱਚ ਵੀ ਸ਼ਾਮਲ ਹੋਏ ਸਨ । ਆਪ ਦੀ ਵਫ਼ਾਤ 53 ਹਿਜਰੀ ਵਿੱਚ ਹੋਈ । ਉਸ ਸਮੇਂ ਆਪ ਦੀ ਉਮਰ 83 ਸਾਲ ਸੀ । ਹਜ਼ਰਤ ਅਰਕਮ ਨੇ ਵਸੀਯਤ ਕੀਤੀ ਸੀ ਕਿ ਉਹਨਾ ਦੀ ਨਮਾਜ਼ ਜਨਾਜ਼ਾਹ ਹਜ਼ਰਤ ਸਾਅਦ ਬਿਨ ਅਬੀ ਵਕਾਸ ਪੜ੍ਹਾਉਣ, ਜੋ ਉਸ ਸਮੇਂ ਉੱਤਮ ਸਥਾਨ ਉਪੱਰ ਸਨ । ਸੋ, ਸਅਦ ਬਿਨ ਅਬੀ ਵਕਾਸ ਦੇ ਆਉਣ'ਤੇ ਹਜ਼ਰਤ ਅਰਕਮ ਦੀ ਨਮਾਜ਼ ਜਨਾਜ਼ਾਹ ਪੜ੍ਹੀ ਗਈ ਅਤੇ ਜਨੱਾਤੁਲ ਬਕੀਹ ਵਿੱਚ ਦਫ਼ਨ ਕੀਤੇ ਗਏ। ਇਕ ਵਾਰ ਹਜ਼ਰਤ ਅਰਕਮ ਨੇ ਨਮਾਜ਼ ਪੜ੍ਹਨ ਦੀ ਨੀਯਤ ਨਾਲ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਤੋਂ ਬੈਤੁਲ ਮੁਕਦੱਸ ਜਾਣ ਦੀ ਆਗਿਆ ਮੰਗੀ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਮੇਰੀ ਇਸ (ਮਦੀਨੇ ਦੀ) ਮਸਜਿਦ ਦੀ ਇਕ ਨਮਾਜ਼ ਦੂਜੀਆਂ ਹਜ਼ਾਰ ਮਸਜਿਦਾਂ ਤੋਂ ਬਿਹਤਰ ਹੈ । ਇਸ'ਤੇ ਉਹਨਾਂ ਨੇ ਆਪਣਾ ਇਰਾਦਾ ਤਿਆਗ ਦਿਤੱਾ ।

ਫਿਰ ਜਿਸ ਸਹਾਬੀ ਦਾ ਵਰਨਣ ਹੈ ਉਹਨਾ ਦਾ ਨਾਂ ਹਜ਼ਰਤ ਬਸਬਸ ਬਿਨ ਉਮਰੋ ਹੈ । ਆਪ ਦਾ ਸੰਬੰਧ ਕਬੀਲਾ ਬਨੂ ਸਾਅਦਹ ਬਿਨ ਕਅਬ ਬਿਨ ਖ਼ਜ਼ਰਜ ਨਾਲ ਸੀ । ਬਦਰ ਦੀ ਜੰਗ ਤੋਂ ਬਿਨਾ ਉਹਦ ਦੀ ਜੰਗ ਵਿੱਚ ਵੀ ਸ਼ਾਮਲ ਹੋਏ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਬਸਬਸ ਅਤੇ ਅਦੀ ਬਿਨ ਅਦੀ ਦੋ ਸਹਾਬੀਆਂ ਨੂੰ ਦੁਸ਼ਮਣਾ ਦੀਆਂ ਗਤੀਵਿਧੀਆਂ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਬਦਰ ਵੱਲ ਭੇਜਿਆ ਅਤੇ ਆਦੇਸ਼ ਦਿਤੱਾ ਕਿ ਉਹ ਛੇਤੀ ਖ਼ਬਰ ਲੈਕੇ ਪਰਤਨ । ਹਜ਼ਰਤ ਬਸਬਸ ਅਤੇ ਹਜ਼ਰਤ ਅਦੀ ਬਿਨ ਜ਼ਗ਼ਬਾ ਦੋਵੇਂ ਜੱਦ ਬਦਰ ਦੇ ਸਥਾਨ ਉਪੱਰ ਪਹੁੰਚੇ ਤਾਂ ਉੱਥੇ ਉਹਨਾ ਨੇ ਇਕ ਟੀਲੇ ਦੇ ਕੋਲ ਆਪਣੇ ਊਠ ਬਿਠਾਕੇ ਆਪਣੀਆਂ ਮਸ਼ਕੀਆਂ ਲਈਆਂ ਅਤੇ ਖੂਹ ਤੋਂ ਪਾਣੀ ਭਰਿਆ ਅਤੇ ਪੀਤਾ । ਇਸ ਦੌਰਾਨ ਉਹਨਾ ਨੇ ਉੱਥੇ ਦੋ ਇਤਰੀਆਂ ਨੂੰ ਗਲੱਾਂ ਕਰਦਿਆਂ ਸੁਣਿਆ ਜੋ ਕਿਸੇ ਜੱਥੇ ਦੇ ਆਉਣ ਬਾਰੇ ਗਲੱਾਂ ਕਰ ਰਹੀਆਂ ਸਨ । ਬਹਿਰਹਾਲ ਇਹ ਦੋਵੇਂ ਵਾਪਸ ਪਰਤੇ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਇਹਨਾ ਇਸਤਰੀਆਂ ਦੀਆਂ ਗਲੱਾਂ ਬਾਰੇ ਦੱਸਿਆ ਕਿ ਉਹ ਇਕ ਜੱਥੇ ਦੇ ਆਉਣ ਬਾਰੇ ਗਲੱਾਂ ਕਰ ਰਹੀਆਂ ਸਨ ।

ਫਿਰ ਜਿਸ ਸਹਾਬੀ ਦਾ ਵਰਨਣ ਹੈ ਉਹ ਸਾਅਲਬਾ ਬਿਨ ਉਮਰੋ ਅੰਸਾਰੀ ਹਨ । ਜਿੰਨ੍ਹਾ ਦਾ ਸੰਬੰਧ ਕਬੀਲਾ ਬਨੂ ਨਜਾਰ ਨਾਲ ਹੈ । ਆਪ ਦੀ ਮਾਤਾ ਦਾ ਨਾਂ ਕਬਸ਼ਾ ਸੀ ਜੋ ਪ੍ਰਸਿੱਧ ਕਵੀ ਹਜ਼ਰਤ ਹਸਾਨ ਬਿਨ ਸਾਬਤ ਦੀ ਭੈਣ ਸਨ । ਹਜ਼ਰਤ ਸਾਅਲਬਾ ਬਦਰ ਦੀ ਜੰਗ ਸਣੇ ਸਾਰੀਆਂ ਜੰਗਾ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸ਼ਮਾਲ ਹੋਏ । ਆਪ ਉਹਨਾਂ ਸਹਾਬਾ ਵਿੱਚ ਵੀ ਸ਼ਾਮਲ ਸਨ ਜਿੰਨ੍ਹਾ ਨੇ

ਬਨੂ ਸਲਮਾ ਦੇ ਬੁੱਤ ਤੋੜੇ ਸਨ । ਇਹਨਾ ਦੀ ਵਫ਼ਾਤ ਹਜ਼ਰਤ ਉਸਮਾਨ ਦੇ ਖ਼ਿਲਾਫ਼ਤ ਕਾਲ ਵਿੱਚ ਮਦੀਨੇ ਵਿੱਚ ਹੋਈ ਸੀ ।

ਫਿਰ ਜਿਸ ਸਹਾਬੀ ਦਾ ਵਰਨਣ ਹੈ ਉਹਨਾ ਦਾ ਨਾਂ ਹਜ਼ਰਤ ਸਾਅਲਬਾ ਬਿਨ ਗ਼ਨਮ ਹੈ । ਆਪਦੀ ਮਾਤਾ ਦਾ ਨਾਂ ਜਹੀਰਾ ਬਿੰਤ ਕੈਨ ਸੀ । ਆਪ ਦਾ ਸੰਬੰਧ ਅੰਸਾਰ ਦੇ ਕਬੀਲੇ ਬਨੂ ਸਲਮਾ ਨਾਲ ਸੀ । ਹਜ਼ਰਤ ਸਅਲਬਾ ਉਹਨਾਂ ਸਤੱਰ ਸਹਾਬਾ ਵਿੱਚ ਸ਼ਾਮਲ ਸਨ ਜਿੰਨ੍ਹਾ ਨੇ ਬੈਅਤੇ ਅਕਬਾ ਸਾਨੀਆ ਵਿੱਚ ਹਜ਼ੂਰ ਸਲਲੱਾਹੁ ਅਲੈਹਿ ਵਸਲਮ ਦੇ ਹੱਥ'ਤੇ ਬੈਅਤ ਕੀਤੀ ਸੀ । ਆਪ ਬਦਰ, ਉਹਦ ਤੇ ਖ਼ੰਦਕ ਦੀ ਜੰਗ ਵਿੱਚ ਸ਼ਾਮਲ ਹੋਏ ।

ਫਿਰ ਜਿਸ ਸਹਾਬੀ ਦਾ ਵਰਨਣ ਹੈ ਉਹਨਾਂ ਦਾ ਨਾਂ ਹਜ਼ਰਤ ਜਾਬਰ ਬਿਨ ਖ਼ਾਲਦ ਹੈ । ਆਪ ਦਾ ਸੰਬੰਧ ਅੰਸਾਰ ਦੇ ਕਬੀਲੇ ਬਨੂਦੀਨਾਰ ਨਾਲ ਸੀ । ਹਜ਼ਰਤ ਜਾਬਰ ਬਿਨ ਖ਼ਾਲਦ ਬਦਰ ਤੇ ਉਹਦ ਦੀ ਜੰਗ ਵਿੱਚ ਸ਼ਮਾਲ ਹੋਏ ਸਨ ।

ਫਿਰ ਇਕ ਸਹਾਬੀ ਹਨ ਹਜ਼ਰਤ ਹਾਰਸ ਬਿਨ ਨੁਮਾਨ ਬਿਨ ਉਮਯੱਾ ਅੰਸਾਰੀ । ਆਪ ਦਾ ਸੰਬੰਧ ਅੰਸਾਰ ਦੇ ਕਬੀਲੇ ਓਸ ਨਾਲ ਸੀ । ਆਪ ਬਦਰ ਤੇ ਉਹਦ ਦੀ ਜੰਗ ਵਿੱਚ ਰਸੂਲੇ ਕਰੀਮ ਸਲਲੱਾਹੁ ਆਲੈਹਿ ਵਸਲਮ ਦੇ ਨਾਲ ਸ਼ਾਮਲ ਹੋਏ ।

ਫਿਰ ਹਜ਼ਰਤ ਹਾਰਸ ਬਿਨ ਅਨਸ ਅੰਸਾਰੀ ਹਨ, ਇਹਨਾਂ ਦੀ ਮਾਤਾ ਦਾ ਨਾਂ ਹਜ਼ਰਤ ਉਮੇ ਸ਼ਰੀਕ ਸੀ ਅਤੇ ਪਿਤਾ ਅਨਸ ਬਿਨ ਰਾਫ਼ਿਅ ਸਨ । ਆਪ ਦਾ ਸੰਬੰਧ ਓਸ ਕਬੀਲੇ ਦੀ ਸ਼ਾਖ਼ਾ ਬਨੂ ਅਬਦੁਸ਼ੱਹਲ ਨਾਲ ਸੀ । ਆਪ ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ ਸਨ ਅਤੇ ਉਹਦ ਦੀ ਜੰਗ ਵਿੱਚ ਸ਼ਹੀਦੀ ਨੂੰ ਪ੍ਰਾਪਤ ਹੋਏ ।

ਫਿਰ ਹਜ਼ਰਤ ਹਰੀਸ ਬਿਨ ਜ਼ੈਦ ਅੰਸਾਰੀ ਸਨ । ਹਜ਼ਰਤ ਹਰੀਸ ਦਾ ਸੰਬੰਧ ਕਬੀਲਾ ਖ਼ਜ਼ਰਜ ਦੀ ਸ਼ਾਖ਼ਾ ਬਨੂ ਜ਼ੈਦ ਬਿਨ ਹਾਰਸ ਨਾਲ ਸੀ । ਆਪ ਆਪਣੇ ਭਰਾ ਹਜ਼ਰਤ ਅਬਦੁਲੱਾਹ ਨਾਲ ਬਦਰ ਦੀ ਜੰਗ ਵਿੱਚ ਸ਼ਮਾਲ ਹੋਏ ਸਨ, ਜਿੰਨ੍ਹਾ ਨੂੰ ਆਜ਼ਾਨ (ਬਾਂਗ) ਬਾਰੇ ਸੁਪਨਾ ਦਿਖਾਇਆ ਗਿਆ ਸੀ । ਆਪ ਉਹਦ ਦੀ ਜੰਗ ਵਿੱਚ ਵੀ ਸ਼ਾਮਲ ਹੋਏ ਸਨ ।

ਫਿਰ ਜਿਸ ਸਹਾਬੀ ਦਾ ਵਰਨਣ ਹੈ ਉਹਨਾ ਦਾ ਨਾਂ ਹਜ਼ਰਤ ਹਾਰਸ ਬਿਨ ਅਸਾਮਹ ਹੈ । ਆਪ ਦਾ ਸੰਬੰਧ ਅੰਸਾਰ ਦੇ ਕਬੀਲੇ ਬਨੂ ਨਜਾਰ ਨਾਲ ਸੀ ਅਤੇ ਬਏਰੇ ਮਊਨਾ ਦੇ ਦਿਨ ਇਹ ਸ਼ਹੀਦ ਹੋਏ ਸਨ । ਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਹਾਰਸ ਅਤੇ ਹਜ਼ਰਤ ਸੁਹੈਬ ਬਿਨ ਸਨਾਨ ਵਿਚਕਾਰ ਭਾਈਬੰਧੀ ਕਰਾਈ ਸੀ । ਹਜ਼ਰਤ ਹਾਰਸ ਬਿਨ ਅਸਾਮਹ ਬਦਰ ਦੀ ਜੰਗ ਲਈ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਰਵਾਨਾ ਹੋਏ, ਜੱਦ ਅਰੂੱਹ ਦੇ ਸਥਾਨ ਉਪੱਰ ਪਹੁੰਚੇ ਤਾਂ ਆਪ ਵਿੱਚ ਹੋਰ ਜਾਤਰਾ ਕਰਨ ਦੀ ਸਮਰਥਾ ਨ ਰਹੀ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਆਪ ਨੂੰ ਮਦੀਨੇ ਵਾਪਸ ਭੇਜ ਦਿਤੱਾ, ਪਰ ਆਪ ਦੀ ਨੀਯਤ ਤੇ ਭਾਵਨਾ ਨੂੰ ਦੇਖਕੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਇਹਨਾ ਨੂੰ ਬਦਰ ਵਿੱਚ ਸ਼ਾਮਲ ਹੋਣ ਵਾਲੇ ਸਹਾਬਾ ਵਿੱਚ ਗਿਣਿਆ । ਆਪ ਉਹਦ ਦੀ ਜੰਗ ਵਿੱਚ ਵੀ ਸ਼ਾਮਲ ਸਨ । ਇਸ ਦਿਨ ਜੱਦ ਲੋਕ ਖਿੱਡਪੁੰਡ ਗਏ ਤਾਂ ਉਸ ਸਮੇਂ ਹਜ਼ਰਤ ਹਾਰਸ ਪੱਕੇ ਪੈਰ੍ਹੀਂ ਡਟੇ ਰਹੇ ।

ਹਜ਼ਰਤ ਹਾਰਸ ਬਏਰੇ ਮਊਨਾ ਦੀ ਘਟਨਾ ਵਿੱਚ ਸ਼ਾਮਲ ਹੋਏ । ਜਿਸ ਸਮੇਂ ਇਹ ਘਟਨਾ ਵਾਪਰੀ ਅਤੇ ਸਹਾਬਾ ਨੂੰ ਸ਼ਹੀਦ ਕੀਤਾ ਗਿਆ ਉਸ ਸਮੇਂ ਹਜ਼ਰਤ ਹਾਰਸ ਅਤੇ ਉਮੱਰੋ ਬਿਨ ਉਮਯੱਾ ਊਠਾਂ ਨੂੰ ਚਰਾਉਣ ਗਏ ਹੋਏ ਸਨ । ਵਾਪਸੀ'ਤੇ ਜੱਦ ਇਹ ਆਪਣੇ ਪੜਾਅ ਦੀ ਥਾਂ ਪਹੁੰਚੇ ਤਾਂ ਦੇਖਿਆ ਕਿ ਪੰਛੀ ਉੱਥੇ ਬੈਠੇ ਹੋਏ ਹਨ ਤਾਂ ਉਹਨਾ ਨੇ ਸਮਝ ਲਿਆ ਕਿ ਉਹਨਾ ਦੇ ਸਾਥੀ ਸ਼ਹੀਦ ਹੋ ਚੁਕੇ ਹਨ । ਹਜ਼ਰਤ ਹਾਰਸ ਨੇ ਹਜ਼ਰਤ ਉਮੱਰੋ ਨੂੰ ਕਿਹਾ ਕਿ ਆਪ ਦੀ ਰਾਏ ਕੀ ਹੈ । ਉਮੱਰੋ ਨੇ ਕਿਹਾ ਕਿ ਮੇਰਾ ਵਿਚਾਰ ਤਾਂ ਇਹ ਹੈ ਕਿ ਰਸੂਲੁਲੱਾਹ ਸਲਲੱਾਹੁ ਆਲੈਹਿ ਵਸਲਮ ਦੇ ਕੋਲ ਚਲਿਆ ਜਾਏ ਅਤੇ ਖ਼ਬਰ ਕੀਤੀ ਜਾਏ । ਹਜ਼ਰਤ ਹਾਰਸ ਨੇ ਕਿਹਾ ਕਿ ਮੈਂ ਇਸ ਥਾਂ ਤੋਂ ਪਿੱਛੇ ਨਹੀਂ ਰਹਾਂਗਾ ਜਿੱਥੇ ਮੁਨਜ਼ਰ ਨੂੰ ਕਤਲ ਕੀਤਾ ਗਿਆ ਹੈ, ਸੋ ਆਪ ਅੱਗੇ ਵਧੇ ਅਤੇ ਲੜਦਿਆਂ ਹੋਇਆਂ ਸ਼ਹੀਦ ਹੋ ਗਏ ।

ਹਜ਼ਰਤ ਅਬਦੁਲੱਾਹ ਬਿਨ ਅਬੀ ਬਕਰ ਕਹਿੰਦੇ ਹਨ ਕਿ ਹਾਰਸ ਦੀ ਸ਼ਹਾਦਤ ਦੁਸ਼ਮਣਾ ਵੱਲੋਂ ਨਿਰੰਤਰ ਸੁੱਟੇ ਜਾ ਰਹੇ ਨੇਜ਼ਿਆਂ ਕਰਕੇ ਹੋਈ ਸੀ ਜੋ ਉਹਨਾ ਦੇ ਸ਼ਰੀਰ ਵਿੱਚ ਖੁੱਭ ਗਏ ਸਨ ਅਤੇ ਆਪ ਸ਼ਹੀਦ ਹੋ ਗਏ ਸਨ ।

ਅਲੱਾਹ ਤਆਲਾ ਇਹਨਾਂ ਸਾਰਿਆਂ ਬਦਰੀ ਸਹਾਬਾ ਦੇ ਦਰਜਾਤ ਬੁਲੰਦ ਤੋਂ ਬੁਲੰਦ ਕਰਦਾ ਚਲਾ ਜਾਏ ।

**Khulasa Khutba Jumma 08.02.2019**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131